# State Visit of President of India to Jamaica and St. Vincent & Grenadines (May 15-21, 2022)

May 07, 2022

## ਭਾਰਤੀ ਰਾਸ਼ਟਰਪਤੀ ਵੱਲੋਂ ਜਮੈਕਾ ਅਤੇ ਸੇਂਟ ਵਿਨਸੈਂਟ ਅਤੇ ਗ੍ਰੇਨਾਡਾਈਨਜ਼ ਦੀ ਫੇਰੀ (ਮਈ 15-21, 2022)

### 7 ਮਈ, 2022

ਭਾਰਤ ਦੇ ਮਾਨਯੋਗ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ 15 - 21 ਮਈ 2022 ਤੱਕ ਜਮੈਕਾ ਅਤੇ ਸੇਂਟ ਸੇਂਟ ਵਿਨਿਸੈਂਟ ਅਤੇ ਗ੍ਰੇਨਾਡਾਈਨਜ਼ ਦੀ ਸਰਕਾਰੀ ਯਾਤਰਾ ਕਰਨਗੇ। ਇਹ ਕਿਸੇ ਭਾਰਤੀ ਰਾਜ ਦੇ ਮੁਖੀ ਵੱਲੋਂ ਕੀਤੀ ਜਾਣ ਵਾਲੀ ਪਹਿਲੀ ਫੇਰੀ ਹੋਵੇਗੀ।

ਰਾਸ਼ਟਰਪਤੀ 15 - 18 ਮਈ 2022 ਤੱਕ ਜਮੈਕਾ ਵਿੱਚ ਹੋਣਗੇ। ਇਸ ਫੇਰੀ ਦੌਰਾਨ ਉਹ ਆਪਣੇ ਹਮਰੁਤਬਾ ਜਮੈਕਾ ਦੇ ਗਵਰਨਰ ਜਨਰਲ ਅਤੀ ਮਾਣਯੋਗ ਸਰ ਪੈਟਰਿਕ ਐਲਨ ਨਾਲ ਵਫ਼ਦ ਪੱਧਰੀ ਗੱਲਬਾਤ ਕਰਨਗੇ। ਉਹ ਪ੍ਰਧਾਨ ਮੰਤਰੀ ਅਤੀ ਮਾਣਯੋਗ ਐਂਡਰਿਊ ਹੋਲਨੇਸ ਅਤੇ ਹੋਰ ਪਤਵੰਤਿਆਂ ਨਾਲ ਵੀ ਮੁਲਾਕਾਤ ਕਰਨਗੇ। ਉਹ ਜਮੈਕਾ ਦੀ ਸੰਸਦ ਦੇ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਨਗੇ।

ਜਮੈਕਾ ਅਤੇ ਭਾਰਤ ਦੇ ਦੋਸਤਾਨਾ ਸਬੰਧ ਹਨ। ਜਮੈਕਾ 70,000 ਭਾਰਤੀ ਲੋਕਾਂ ਦੇ ਪਰਵਾਸੀ ਸਮੁਦਾਏ ਵਾਲੇ ਗਿਰਮਿਟਿਆ ਦੇਸ਼ਾਂ ਵਿੱਚੋਂ ਇੱਕ ਹੈ, ਜੋ ਭਾਰਤ ਨਾਲ ਜੀਵਤ ਪੁਲ ਸਿਰਜਣ ਦਾ ਕੰਮ ਕਰਦੇ ਹਨ। ਇਹ ਦੌਰਾ ਮਹੱਤਵਪੂਰਨ ਮੀਲ ਪੱਥਰ ਹੈ ਕਿਉਂਕਿ ਇਹ 2022 ਵਿੱਚ ਭਾਰਤ ਅਤੇ ਜਮੈਕਾ ਦਰਮਿਆਨ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 60ਵੀ ਵਰ੍ਹੇਗੰਢ ਦੇ ਸਾਲ ਵਿੱਚ ਹੋ ਰਹਿਾ ਹੈ। ਇਸ ਤੋਂ ਛੁੱਟ ਭਾਰਤ ਅਤੇ ਜਮੈਕਾ ਆਪਣੀ ਆਜ਼ਾਦੀ ਦੀ ਕ੍ਰਮਵਾਰ 75ਵੀ ਅਤੇ 60ਵੀ ਵਰ੍ਹੇਗੰਢ ਮਨਾ ਰਹੇ ਹਨ।

ਰਾਸ਼ਟਰਪਤੀ 18-21 ਮਈ 2022 ਤੱਕ SVG ਦਾ ਅਧਿਕਾਰਤਿ ਦੌਰਾ ਵੀ ਕਰਨਗੇ। ਇਸ ਫੇਰੀ ਦੌਰਾਨ ਉਹ ਆਪਣੀ ਹਮਰੁਤਬਾ ਗਵਰਨਰ ਜਨਰਲ ਮਹਾਮਹਿਮ ਸ੍ਰੀਮਤੀ ਸੂਜ਼ਨ ਡੌਗਨ ਨਾਲ ਚਰਚਾ ਕਰਨਗੇ। ਉਹ ਪ੍ਰਧਾਨ ਮੰਤਰੀ ਮਹਾਮਹਿਮ ਡਾ. ਰਾਲਫ਼ ਈ. ਗੋਨਸਾਲਵੇਸ ਅਤੇ ਹੋਰ ਪਤਵੰਤਿਆਂ ਨੂੰ ਵੀ ਮਿਲਿਣਗੇ। ਉਹ SVG ਦੇ ਸਦਨ ਨੂੰ ਸੰਬੋਧਨ ਕਰਨਗੇ।

SVG ਭਾਰਤ ਦਾ ਮਹੱਤਵਪੂਰਨ ਭਾਈਵਾਲ ਹੈ। ਭਾਰਤ ਅਤੇ SVG, ਦੋਵੇਂ 2021 ਵਿੱਚ UNSC ਦੇ ਗੈਰ-ਸਥਾਈ ਮੈਂਬਰ ਸਨ ਅਤੇ ਦੋਵਾਂ ਦਰਮਿਆਨ ਇਸ ਸਮੇਂ ਚੰਗਾ ਸਹਿਯੋਗ ਹੋਇਆ।

ਜਮੈਕਾ ਅਤੇ SVG ਕੈਰੀਬੀਅਨ ਕਮਿਊਨਿਟੀ (CARICOM) ਵਿੱਚ ਸਰਗਰਮ ਮੈਂਬਰ ਹਨ। ਰਾਜ ਦੇ ਮੁਖੀ ਵੱਲੋਂ ਕੈਰੇਬੀਅਨ ਖੇਤਰ ਦੇ ਦੇਸ਼ਾਂ ਦੀ ਪਹਿਲੀ ਫੇਰੀ ਭਾਰਤ ਦੀ ਉੱਚ-ਪੱਧਰੀ ਸ਼ਮੂਲੀਅਤ ਦੀ ਨਿਰੰਤਰਤਾ ਦੀ ਪ੍ਰਤੀਕ ਹੈ ਅਤੇ ਛੋਟੇ ਟਾਪੂ ਵਿਕਾਸਸ਼ੀਲ ਦੇਸ਼ਾਂ ਨਾਲ ਕੰਮ ਕਰਨ ਪ੍ਰਤੀ ਸਾਡੀ ਲਗਾਤਾਰ ਵਚਨਬੱਧਤਾ ਵਿਖਾਉਂਦੀ ਹੈ।

ਨਵੀਂ ਦਿੱਲੀ
7 ਮਈ, 2022

DISCLAIMER: This is an approximate translation. The original is available in English on MEA's website and may be referred to as the official press release.